Office of the Deputy Commissioner & Distt. Magistrate, Bathinda
(Corona Monitoring Cell)

**ਦਫਤਰੀ ਹੁਕਮ**

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਨਿਮਨਹਸਤਾਖਰ ਵੱਲੋ ਪਿੱਠ ਅੰਕਣ ਨੰਬਰ 5713-99 ਮਿਤੀ 23-3/2020 ਰਾਹੀਂ ਅਧੀਨ ਧਾਰਾ 144 ਫੌਜ਼ਦਾਰੀ ਜਾਬਤਾ ਸੰਘਤਾ, 1973 ਬਠਿੰਡਾ ਜ਼ਿਲ੍ਹਾ ਦੀ ਹਦੂਦ ਅੰਦਰ ਕਿਸੇ ਵੀ ਪਬਲਿਕ ਦੇ ਵਿਅਕਤੀ ਨੂੰ ਘਰ ਤੋਂ ਬਾਹਰ ਸੜਕ ਜਾਂ ਪਬਲਿਕ ਜਗ੍ਹਾ ਤੇ ਆਉਣ ਤੋਂ ਮਨਾਹੀ ਕਰਦੇ ਹੋਏ ਕਰਫਿਊ ਦੇ ਹੁਕਮ ਜਾਰੀ ਕੀਤੇ ਗਏ ਸਨ।

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ ਸਰਕਾਰ ਦੇ ਪੱਤਰ ਨੰਬਰ SS/ACSH/2020/337 ਮਿਤੀ 29/4/2020 ਰਾਹੀਂ ਪ੍ਰਾਪਤ ਹਦਾਇਤਾਂ ਦੇ ਮੱਦੇਨਜ਼ਰ ਇਸ ਦਫਤਰ ਦੇ ਹੁਕਮ ਨੰਬਰ 2555-78 ਮਿਤੀ 1/5/2020 ਰਾਹੀਂ ਜ਼ਿਲ੍ਹਾ ਬਠਿੰਡਾ ਵਿੱਚ ਕਰਫਿਊ ਦੌਰਾਨ ਹੇਠ ਲਿਖੀਆਂ ਦੁਕਾਨਾਂ ਨੂੰ ਕਰਫਿਊ ਦੌਰਾਨ ਹਰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਖੋਲਣ ਦੀ ਪ੍ਰਵਾਨਗੀ ਦਿੱਤੀ ਗਈ ਸੀ ਅਤੇ ਸ਼ਨੀਵਾਰ ਅਤੇ ਐਤਵਾਰ ਨੂੰ ਇੰਨ੍ਹਾਂ ਦੁਕਾਨਾਂ ਨੂੰ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਸਨ:

| | |
|---|---|
| ਕਰਿਆਨਾ ਸਟੋਰਜ਼ | ਆਪਟੀਕਲ ਸਟੋਰ |
| ਮੈਡੀਕਲ ਸਟੋਰ (ਹੋਲਸੇਲ ਅਤੇ ਰਿਟੇਲ) | ਟਾਈਰਜ਼ ਦੀਆਂ ਦੁਕਾਨਾਂ / ਸਟੋਰ |
| ਡੇਅਰੀ, ਮਿਲਕ ਚੀਲਿੰਗ/ਕੁਲੈਕਸ਼ਨ ਸੈਂਟਰ | ਲੈਬਾਰਟਰੀਜ਼/ ਡਾਇਗਨੋਸਿਟਕ ਸੈਂਟਰ |
| ਵੈਜੀਟੇਬਲ ਦੀਆਂ ਦੁਕਾਨਾਂ | ਪਸ਼ੂਆਂ ਦੇ ਚਾਰੇ/ਪੋਲਟਰੀ ਦਾ ਚਾਰਾ |
| ਬੇਕਰੀ | ਬੀਜ਼ਾਂ/ ਪੈਸਟੀਸਾਈਡਜ਼ ਅਤੇ ਇਨਸੈਕਟੀਸਾਈਡਜ਼ ਮੈਡੀਸਨ ਦੀਆਂ ਦੁਕਾਨਾਂ (ਸਰਕਾਰੀ / ਪ੍ਰਾਇਵੇਟ) |
| ਪੋਲਟਰੀ | ਖੇਤੀਬਾੜੀ ਦੇ ਸਾਮਾਨ ਦੀਆਂ ਦੁਕਾਨਾਂ |
| ਸਪੇਅਰ ਪਾਰਟਸ ਅਤੇ ਮੋਬਿਲ ਆਇਲ ਦੀਆਂ ਦੁਕਾਨਾਂ | ਸੀਮੇਂਟ ਦੀਆਂ ਦੁਕਾਨਾਂ |

ਪਬਲਿਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਬਠਿੰਡਾ ਵਿੱਚ ਹੇਠ ਲਿਖੀਆਂ ਕੈਟਾਗਰੀਜ਼ ਦੀਆਂ ਦੁਕਾਨਾਂ ਹੇਠ ਲਿਖੇ ਅਨੁਸਾਰ ਦਰਸਾਏ ਦਿਨਾਂ ਵਿੱਚ ਕਰਫਿਊ ਦੌਰਾਨ ਖੋਲਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:

| ਲੜੀ ਨੰਬਰ | ਕੈਟਾਗਰੀ | ਦੁਕਾਨ ਖੁੱਲਣ ਦਾ ਸਮਾਂ | ਦੁਕਾਨ ਖੋਲਣ ਲਈ ਨੀਯਤ ਕੀਤੇ ਦਿਨ |
|---|---|---|---|
| 1. | ਇਲੈਕਟਰੋਨਿਕਸ ਦੀਆਂ ਦੁਕਾਨਾਂ (ਸਿਵਾਏ ਮੋਬਾਈਲ ਸ਼ਾਪਸ ਅਤੇ ਮੋਬਾਈਲ ਸਟੋਰ) | ਸਵੇਰੇ 6.00 ਵਜੇ ਤੋਂ ਸਵੇਰੇ 10.00 ਵਜੇ ਤੱਕ | ਮੰਗਲਵਾਰ ਅਤੇ ਸ਼ੁੱਕਰਵਾਰ |
| 2. | ਇਲੈਕਟਰੀਕਲਜ਼ (ਬਿਜਲੀ) ਦੀਆਂ ਦੁਕਾਨਾਂ | | |
| 3. | ਸੈਨਟਰੀ ਦੀਆਂ ਦੁਕਾਨਾਂ | | |

ਇੱਥੇ ਦੁਬਾਰਾ ਸਪੱਸ਼ਟ ਕੀਤਾ ਜਾਂਦਾ ਹੈ ਕਿ 2555-78 ਮਿਤੀ 1/5/2020 ਰਾਹੀਂ 14 ਕੈਟਾਗਰੀਜ਼ ਦੀਆ ਦੁਕਾਨਾਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਖੁੱਲਣਗੀਆਂ ਅਤੇ ਉਪਰੋਕਤ 3 ਕੈਟਾਗਰੀਜ਼ ਦੀਆਂ ਦੁਕਾਨਾਂ ਮੰਗਲਵਾਰ ਅਤੇ ਸ਼ੁੱਕਰਵਾਰ ਨੂੰ ਹੀ ਖੁੱਲਣਗੀਆਂ। ਇੰਨ੍ਹਾਂ ਦੁਕਾਨਦਾਰਾਂ ਵੱਲੋਂ ਵੀ ਹੁਕਮ 1/5/2020 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇਗੀ।

ਕਰਫਿਊ ਦੌਰਾਨ ਨਿਯੁਕਤ ਸਾਰੇ ਸਪੈਸ਼ਲ ਕਾਰਜਕਾਰੀ ਮੈਜਿਸਟਰੇਟ ਆਪਣੇ ਆਪਣੇ ਏਰੀਏ ਵਿੱਚ ਨਿਗਰਾਨੀ ਕਰਨਗੇ ਕਿ ਦੁਕਾਨਦਾਰਾਂ ਵੱਲੋਂ ਕੋਵਿਡ ਸਬੰਧੀ ਇਸ ਦਫਤਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਉਹ ਰੋਜ਼ਾਨਾ ਇਸ ਸਬੰਧੀ ਕੀਤੀ ਗਈ ਪੜਤਾਲ ਬਾਰੇ ਡਿਪਟੀ ਕਮਿਸ਼ਨਰ ਦਫਤਰ ਵਿੱਚ ਸਥਾਪਤ ਕੰਟਰੋਲ ਰੂਮ ਵਿੱਚ ਰਿਪੋਰਟ ਕਰਨਗੇ।

ਇਹ ਕੋਵਿਡ-19 ਨਾਲ ਸਬੰਧਤ ਭਾਰਤ ਸਰਕਾਰ / ਰਾਜ ਸਰਕਾਰ ਅਤੇ ਨਿਮਨਹਸਤਾਖਰ ਵੱਲੋਂ ਜਾਰੀ ਕੀਤੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨਗੇ। ਜੇਕਰ ਉਨ੍ਹਾਂ ਵੱਲੋਂ ਕੋਵਿਡ-19 ਨਾਲ ਸਬੰਧਤ ਹਦਾਇਤਾਂ ਦੀ ਕੋਈ ਵੀ ਉਲੰਘਣਾ ਕੀਤੀ ਗਈ ਤਾਂ ਉਨ੍ਹਾਂ ਵਿਰੁੱਧ ਆਈ.ਪੀ.ਸੀ. ਦੀ ਧਾਰਾ 188 ਅਤੇ Epidemic Diseases Act, 1897 ਅਤੇ Disaster Management Act, 2005 ਦੇ ਤਹਿਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਜ਼ਿਲਾ ਮੈਜਿਸਟਰੇਟ,
ਬਠਿੰਡਾ।

ਪਿੱ.ਅੰਕਣ ਨੰ:..2698-2709/CML　　ਮਿਤੀ 04/05/2020

ਇਸ ਦਾ ਇੱਕ ਉਤਾਰਾ:

1. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
2. ਕਮਿਸ਼ਨਰ, ਨਗਰ ਨਿਗਮ, ਬਠਿੰਡਾ
3. ਉਪ ਮੰਡਲ ਮੈਜਿਸਟਰੇਟ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
4. ਤਹਿਸੀਲਦਾਰ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
5. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ।
6. ਸਪੈਸ਼ਲ ਕਾਰਜਕਾਰੀ ਮੈਜਿਸਟਰੇਟ, ਜ਼ਿਲ੍ਹਾ ਬਠਿੰਡਾ
ਪਾਸ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

4/5

ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ।